# ਡੀ ਏ ਬੀ ਸੀ: ਅਸੀਂ ਕੌਣ ਹਾਂ




© Rawpixel.com and Fotolia.com

ਪਿਛਲੇ 35 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਤੋਂ ਡੀ ਏ ਬੀ ਸੀ (ਜਿਸ ਨੂੰ ਪਹਿਲਾਂ ਬੀ ਸੀ ਕੋਲੀਸ਼ਨ ਔਫ ਪੀਪਲ ਵਿਦ ਡਿਸਏਬਿਲਟੀਜ਼ ਕਿਹਾ ਜਾਂਦਾ ਸੀ) ਬ੍ਰਿਟਿਸ਼ ਕੋਲੰਬੀਆ ਵਿਚ ਹਰ ਕਿਸਮ ਦੀ ਡਿਸਏਬਿਲਟੀ ਲਈ ਆਵਾਜ਼ ਬਣਦੀ ਆ ਰਹੀ ਹੈ।

ਡੀ ਏ ਬੀ ਸੀ ਦਾ ਉਦੇਸ਼ ਸਾਰੀਆਂ ਅਪਾਹਜਤਾਵਾਂ ਵਾਲੇ ਲੋਕਾਂ ਦੀ ਸ਼ਾਨ ਨਾਲ, ਆਜ਼ਾਦ ਅਤੇ ਕਮਿਉਨਟੀ ਵਿਚਲੇ ਹੋਰ ਲੋਕਾਂ ਦੇ ਬਰਾਬਰ ਅਤੇ ਪੂਰਾ ਹਿੱਸਾ ਲੈਣ ਵਾਲੇ ਵਜੋਂ ਰਹਿਣ ਵਿਚ ਮਦਦ ਕਰਨਾ ਹੈ। ਅਸੀਂ ਆਪਣੀਆਂ ਸਿੱਧੀਆਂ ਸੇਵਾਵਾਂ, ਕਮਿਉਨਟੀ ਵਿਚਲੀਆਂ ਭਾਈਵਾਲੀਆਂ, ਹਿਮਾਇਤ, ਖੋਜ ਅਤੇ ਲਿਖਤਾਂ ਰਾਹੀਂ ਅਪਾਹਜਤਾਵਾਂ ਵਾਲੇ ਲੋਕਾਂ ਦੀਆਂ ਜ਼ਿੰਦਗੀਆਂ ’ਤੇ ਅਸਰ ਪਾਉਣ ਵਾਲੇ ਮਾਮਲਿਆਂ ਦੇ ਸੰਬੰਧ ਵਿਚ ਉਨ੍ਹਾਂ ਦੀ ਮਦਦ ਕਰਦੇ ਹਾਂ।

ਤੁਸੀਂ ਡੀ ਏ ਬੀ ਸੀ ਦੇ ਕੰਮ ਬਾਰੇ ਜ਼ਿਆਦਾ www.disabilityalliancebc.org ’ਤੇ ਪਤਾ ਲਾ ਸਕਦੇ ਹੋ।

ਟੈਕਸ ਏਡ ਡੀ ਏ ਬੀ ਸੀ ਪ੍ਰੋਗਰਾਮ ਲਈ ਫੰਡਾਂ ਲਈ ਅਸੀਂ ਵੈਨਕੂਵਰ ਫਾਉਂਡੇਸ਼ਨ ਦੇ ਧੰਨਵਾਦੀ ਹਾਂ।

vancouver foundation

## ਸਾਡੇ ਨਾਲ ਸੰਪਰਕ ਕਰੋ

### ਟੈਕਸ ਏਡ ਡੀ ਏ ਬੀ ਸੀ
#204 - 456 West Broadway
Vancouver, BC, V5Y-1R3
604-872-1278 ਜਾਂ ਦੂਰੋਂ ਮੁਫਤ 1-800-663-1278
taxaid@disabilityalliancebc.org

### ਡੀ ਏ ਬੀ ਸੀ ਦਾ ਮੁੱਖ ਦਫਤਰ
ਫੋਨ 604-875-0188 | ਫੈਕਸ 604-875-9227
ਦੂਰੋਂ ਮੁਫਤ 1-800-663-1278
feedback@disabilityalliancebc.org

### ਸਟਰੀਟ/ਚਿੱਠੀ ਪੱਤਰ ਲਈ ਐਡਰੈਸ
Disability Alliance BC
204-456 W. Broadway,
Vancouver, BC V5Y 1R3

WWW.TAXAIDDABC.ORG

WWW.DISABILITYALLIANCEBC.ORG

### ਡੀ ਏ ਬੀ ਸੀ ਦੀ ਪ੍ਰਾਈਵੇਸੀ ਦੀ ਨੀਤੀ

ਡੀ ਏ ਬੀ ਸੀ ਲੋਕਾਂ ਦੇ ਪ੍ਰਾਈਵੇਸੀ ਦੇ ਹੱਕਾਂ ਅਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਦੀ ਰਾਖੀ ਦੀ ਕਦਰ ਕਰਦੀ ਹੈ ਅਤੇ ਇਨ੍ਹਾਂ ਨੂੰ ਕਾਇਮ ਰੱਖਦੀ ਹੈ। ਸਾਡੀ ਪ੍ਰਾਈਵੇਸੀ ਦੀ ਨੀਤੀ ਦੀ ਕਾਪੀ ਲੈਣ ਲਈ, ਪ੍ਰਾਈਵੇਸੀ ਔਫੀਸਰ ਨਿਕੋਲ ਨਾਲ 604–875–0188 ’ਤੇ ਸੰਪਰਕ ਕਰੋ।

tax aid dabc

Tax Assistance & Information For People with Disabilities



dabc
disability alliance bc

we are all connected



©BillionPhotos.com and Fotolia.com

# ਟੈਕਸ ਏਡ ਡੀ ਏ ਬੀ ਸੀ

ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਬੈਨੇਫਿਟਸ ਲੈ ਰਹੇ ਅਪਾਹਜਤਾਵਾਂ ਵਾਲੇ ਲੋਕਾਂ ਲਈ ਟੈਕਸ ਭਰਨ ਵਿਚ ਸਹਾਇਤਾ ਅਤੇ ਜਾਣਕਾਰੀ

www.taxaiddabc.org
#taxaidDABC #dabc @DisabAllianceBC

Tax Assistance & Information For People with Disabilities

tax aid dabc

# ਪੀ ਡਬਲਯੂ ਡੀ ਅਤੇ ਪੀ ਪੀ ਐੱਮ ਬੀ ਬੈਨੇਫਿਟਸ ਲੈ ਰਹੇ ਅਪਾਹਜਤਾਵਾਂ ਵਾਲੇ ਲੋਕਾਂ ਲਈ ਟੈਕਸ ਭਰਨ ਵਿਚ ਸਹਾਇਤਾ ਅਤੇ ਜਾਣਕਾਰੀ


©BillionPhotos.com and Fotolia.com



© Rawpixel.com and Fotolia.com

## ਟੈਕਸ ਏਡ ਕੀ ਹੈ?

ਟੈਕਸ ਅਸਿਸਟੈਂਸ ਐਂਡ ਇਨਫਰਮੇਸ਼ਨ ਫਾਰ ਪੀਪਲ ਵਿਦ ਡਿਸਏਬਿਲਟੀਜ਼ (ਟੈਕਸ ਏਡ ਡੀ ਏ ਬੀ ਸੀ) ਡਿਸਏਬਿਲਟੀ ਅਲਾਇੰਸ ਬੀ ਸੀ (ਡੀ ਏ ਬੀ ਸੀ) ਦਾ ਇਕ ਪ੍ਰੋਗਰਾਮ ਹੈ ਜਿਹੜਾ ਇਨਕਮ ਟੈਕਸ ਦੇ ਪੇਪਰ ਭਰਨ ਵਿਚ ਮੁਫਤ ਅਤੇ ਗੁਪਤ ਮਦਦ ਅਤੇ ਜਾਣਕਾਰੀ ਪ੍ਰਦਾਨ ਕਰਦਾ ਹੈ।

## ਕੌਣ ਯੋਗ ਹੈ?

ਜਿਹੜੇ ਲੋਕ ਇਹ ਲੈਂਦੇ ਹਨ:

- ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਬੈਨੇਫਿਟਸ, ਜਾਂ
- ਪਰਸਨਜ਼ ਵਿਦ ਪਰਸਿਸਟੈਂਟ ਮਲਟੀਪਲ ਬੈਰੀਅਰਜ਼ (ਪੀ ਪੀ ਐੱਮ ਬੀ) ਬੈਨੇਫਿਟਸ।

## ਅਸੀਂ ਕੀ ਕਰਦੇ ਹਾਂ

ਜਨਵਰੀ 2017 ਤੱਕ ਟੈਕਸ ਏਡ ਡੀ ਏ ਬੀ ਸੀ ਨੇ ਇਨਕਮ ਟੈਕਸ ਦੇ 771,000 ਡਾਲਰ ਨਾਲੋਂ ਜ਼ਿਆਦਾ ਦੇ ਬੈਨੇਫਿਟਸ ਲੈਣ ਵਿਚ ਮਦਦ ਕੀਤੀ ਹੈ ਅਤੇ ਆਪਣੇ ਕਲਾਇੰਟਾਂ ਲਈ ਇਨਕਮ ਟੈਕਸ ਦੇ 1,057 ਸਾਲਾਂ ਨਾਲੋਂ ਜ਼ਿਆਦਾ ਦੇ ਇਨਕਮ ਟੈਕਸ ਭਰੇ ਹਨ। ਅਸੀਂ ਸਭ ਤੋਂ ਤਾਜ਼ਾ ਟੈਕਸ ਸਾਲ ਲਈ, ਅਤੇ ਇਸ ਦੇ ਨਾਲ ਨਾਲ ਪਿਛਲੇ ਸਾਲਾਂ ਦੇ ਇਨਕਮ ਟੈਕਸ ਦੇ ਸੌਖੇ ਪੇਪਰ ਭਰਨ ਵਿਚ ਮਦਦ ਕਰ ਸਕਦੇ ਹਾਂ। ਸਾਨੂੰ ਉਨ੍ਹਾਂ ਲੋਕਾਂ ਦੀ ਮਦਦ ਕਰਕੇ ਬਹੁਤ ਖੁਸ਼ੀ ਹੁੰਦੀ ਹੈ ਜਿਨ੍ਹਾਂ ਦੇ ਕਈ ਸਾਲਾਂ ਦੇ ਟੈਕਸ ਪੇਪਰ ਭਰਨ ਵਾਲੇ ਹੁੰਦੇ ਹਨ। ਜੇ ਅਸੀਂ ਤੁਹਾਡੇ ਇਨਕਮ ਟੈਕਸ ਦੇ ਪੇਪਰ ਨਾ ਭਰ ਸਕਦੇ ਹੋਈਏ ਤਾਂ ਅਸੀਂ ਤੁਹਾਡੇ ਇਲਾਕੇ ਵਿਚ ਉਹ ਵਸੀਲੇ ਲੱਭਣ ਲਈ ਪੂਰੀ ਵਾਹ ਲਾਵਾਂਗੇ ਜਿਹੜੇ ਇਹ ਪੇਪਰ ਭਰ ਸਕਦੇ ਹੋਣ।

## ਤੁਹਾਨੂੰ ਆਪਣੇ ਟੈਕਸ ਦੇ ਪੇਪਰ ਕਿਉਂ ਭਰਨੇ ਚਾਹੀਦੇ ਹਨ

ਆਪਣੇ ਇਨਕਮ ਟੈਕਸ ਦੇ ਪੇਪਰ ਭਰਨ ਦੇ ਬਹੁਤ ਸਾਰੇ ਫਾਇਦੇ ਹਨ। ਉਦਾਹਰਣ ਲਈ, ਜੀ ਐੱਸ ਟੀ/ਐੱਚ ਐੱਸ ਟੀ ਕਰੈਡਿਟ ਅਤੇ ਬੀ ਸੀ ਲੋਅ ਇਨਕਮ ਕਲਾਈਮੇਟ ਐਕਸ਼ਨ ਟੈਕਸ ਕਰੈਡਿਟ (ਬੀ ਸੀ ਐੱਲ ਆਈ ਸੀ ਏ ਟੀ ਸੀ) ਇਕੱਲੇ ਹੀ ਤੁਹਾਨੂੰ 200 ਤੋਂ 400 ਡਾਲਰ ਪ੍ਰਦਾਨ ਕਰ ਸਕਦੇ ਹਨ। ਜੇ ਤੁਸੀਂ ਕਈ ਸਾਲਾਂ ਦੇ ਆਪਣੇ ਟੈਕਸ ਨਹੀਂ ਭਰੇ ਤਾਂ ਤੁਸੀਂ ਸੈਂਕੜੇ ਡਾਲਰਾਂ ਲਈ ਯੋਗ ਹੋ ਸਕਦੇ ਹੋ।

ਅਤੇ ਪੀ ਐੱਸ ਟੀ ਕਰੈਡਿਟ ਹੁਣੇ ਹੁਣੇ ਦੁਬਾਰਾ ਸ਼ੁਰੂ ਕੀਤਾ ਗਿਆ ਸੀ ਅਤੇ ਇਹ ਇਸ ਲਈ ਅਪਲਾਈ ਕਰਨ ਵਾਲੇ ਘੱਟ ਆਮਦਨ ਵਾਲੇ ਵਿਅਕਤੀਆਂ ਲਈ ਪ੍ਰਤੀ ਸਾਲ 75 ਡਾਲਰ ਤੱਕ ਦੇ ਵਾਧੂ ਪੈਸੇ ਪ੍ਰਦਾਨ ਕਰਦਾ ਹੈ।

ਜਿਹੜੇ ਹੋਰ ਬੈਨੇਫਿਟਸ ਲਈ ਤੁਸੀਂ ਯੋਗ ਹੋ ਸਕਦੇ ਹੋ, ਉਨ੍ਹਾਂ ਵਿਚ ਸ਼ਾਮਲ ਹਨ:

- ਵਰਕਿੰਗ ਇਨਕਮ ਟੈਕਸ ਬੈਨੇਫਿਟਸ
- ਚਾਇਲਡ ਟੈਕਸ ਬੈਨੇਫਿਟਸ
- ਰਜਿਸਟਰਿਡ ਡਿਸਏਬਿਲਟੀ ਸੇਵਿੰਗਜ਼ ਪਲੈਨ ਗਰਾਂਟਾਂ ਅਤੇ ਬੌਂਡਜ਼

ਇਸ ਵੇਲੇ ਡਿਸਏਬਿਲਟੀ ਅਸਿਸਟੈਂਸ (ਮਦਦ) ਲੈਣ ਲਈ ਤੁਹਾਡੇ ਲਈ ਆਪਣੇ ਇਨਕਮ ਟੈਕਸ ਦੇ ਪੇਪਰ ਭਰਨਾ ਜ਼ਰੂਰੀ ਨਹੀਂ ਹੈ। ਪਰ, ਇਹ ਮਦਦ ਲੈਣ ਵਾਲੇ ਲੋਕਾਂ ਤੋਂ ਮਨਿਸਟਰੀ ਕਦੇ ਕਦੇ ਇਹ ਪੱਕਾ ਕਰਨ ਲਈ ਆਪਣਾ ਇਨਕਮ ਟੈਕਸ ਦਾ ਨੋਟਿਸ ਔਫ ਅਸੈੱਸਮੈਂਟ ਦੇਣ ਲਈ ਕਹਿ ਸਕਦੀ ਹੈ ਕਿ ਕੀ ਉਹ ਅਜੇ ਵੀ ਡਿਸਏਬਿਲਟੀ ਅਸਿਸਟੈਂਸ ਲਈ ਹੱਕਦਾਰ ਹਨ।

ਜੇ ਇਹ ਤੁਹਾਡੇ ਨਾਲ ਹੁੰਦਾ ਹੈ ਤਾਂ ਆਪਣੇ ਟੈਕਸ ਦੇ ਪੇਪਰ ਭਰਨਾ, ਤੁਹਾਡੇ ਡਿਸਏਬਿਲਟੀ ਬੈਨੇਫਿਟਸ ਵਿਚ ਵਿਘਨ ਪੈਣ ਜਾਂ ਦੇਰੀ ਹੋਣ ਤੋਂ ਰੋਕਥਾਮ ਕਰਨ ਵਿਚ ਮਦਦ ਕਰ ਸਕਦਾ ਹੈ।

## ਡਿਸਏਬਿਲਟੀ ਬੈਨੇਫਿਟਸ ਅਤੇ ਪ੍ਰੋਗਰਾਮਾਂ ਦੇ ਸੰਬੰਧ ਵਿਚ ਮਦਦ ਦੀ ਲੋੜ ਹੈ?

25 ਨਾਲੋਂ ਜ਼ਿਆਦਾ ਸਾਲਾਂ ਤੋਂ, ਡੀ ਏ ਬੀ ਸੀ ਦਾ ਐਡਵੋਕੇਸੀ ਐਕਸੈੱਸ ਪ੍ਰੋਗਰਾਮ, ਅਪਾਹਜਤਾਵਾਂ ਵਾਲੇ ਲੋਕਾਂ ਲਈ ਮਦਦ, ਜਾਣਕਾਰੀ ਅਤੇ ਹਿਮਾਇਤ ਦੀ ਇਕ ਥਾਂ ਬਣਿਆ ਆ ਰਿਹਾ ਹੈ।

ਸਾਡਾ ਉਦੇਸ਼ ਆਪਣੇ ਕਲਾਇੰਟਾਂ ਦੀ ਉਹ ਸਰਕਾਰੀ ਬੈਨੇਫਿਟਸ (ਫਾਇਦੇ) ਅਤੇ ਸੇਵਾਵਾਂ ਲੈਣ ਵਿਚ ਮਦਦ ਕਰਨਾ ਹੈ ਜਿਸ ਦੇ ਉਹ ਹੱਕਦਾਰ ਹਨ।

ਸਾਡੇ ਪ੍ਰੋਗਰਾਮ ਦਾ ਧੁਰਾ, ਸੂਬਾਈ ਅਤੇ ਕੈਨੇਡਾ ਪੈਨਸ਼ਨ ਪਲੈਨ ਡਿਸਏਬਿਲਟੀ ਬੈਨੇਫਿਟਸ (ਸੀ ਪੀ ਪੀ – ਡੀ) ਨਾਲ ਮੁਫਤ ਸਿੱਧੀ ਮਦਦ ਕਰਨਾ ਹੈ।

ਵੇਰਵਿਆਂ ਲਈ 604–872–1278 'ਤੇ ਜਾਂ 1–800–663–1278 'ਤੇ ਦੂਰੋਂ ਮੁਫਤ ਫੋਨ ਕਰੋ ਜਾਂ www.disabilityalliancebc.org/programs/advocacy.htm 'ਤੇ ਜਾਉ।

ਟੈਕਸਾਂ ਨੂੰ ਟੈਕਸ ਹੋਣ ਦੀ ਲੋੜ ਨਹੀਂ ਹੈ!

ਅੱਜ ਹੀ ਸਾਡੇ ਨਾਲ ਸੰਪਰਕ ਕਰੋ।



### ਟੈਕਸ ਏਡ ਡੀ ਏ ਬੀ ਸੀ

taxaid@disabilityalliancebc.org
604-872-1278 | ਦੂਰੋਂ ਮੁਫਤ 1-800-663-1278

### ਐਡਰੈਸ

Disability Alliance BC
204-456 W. Broadway,
Vancouver, BC V5Y 1R3